# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 Pm**

**ਮਿਤੀ: 08-09-2024**

- ਭਾਰਤ ਨੇ ਚਾਰ ਅਫਰੀਕੀ ਮੁਲਕਾਂ – ਜ਼ਿੰਬਾਬਵੇ, ਜ਼ਾਬੀਆ, ਮਲਾਵੀ ਅਤੇ ਚਾਡ ਦੇ ਲੋਕਾਂ ਦੀਆਂ ਅਨਾਜ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਮਨੁੱਖੀ ਮਦਦ ਭੇਜੀ ।

- ਅੱਜ ਕੌਮਾਂਤਰੀ ਸਾਖਰਤਾ ਦਿਵਸ ਮਨਾਇਆ ਜਾ ਰਿਹਾ ਏ -ਉਪ-ਰਾਸ਼ਟਰਪਤੀ ਜਗਦੀਪ ਧਨਖੜ ਨੇ ਸਾਰਿਆਂ ਨੂੰ, ਘੱਟੋ-ਘੱਟ ਇੱਕ ਵਿਅਕਤੀ ਨੂੰ, ਸਾਖਰ ਬਣਾਉਣ ਦਾ ਸੰਕਲਪ ਲੈਣ ਦੀ ਅਪੀਲ ਕੀਤੀ ।

- ਸ੍ਰੀ ਗੁਰੂ ਨਾਨਕ ਦੇਵ ਜੀ ਦੇ 537ਵੇਂ ਵਿਆਹ ਪੁਰਬ ਦਾ ਤਿੰਨ ਦਿਨਾ ਦਾ ਜੋੜ ਮੇਲਾ,ਅੱਜ ਤੋ ਬਟਾਲਾ ਵਿਖੇ ਸ਼ੁਰੂ ਹੋਇਆ ।

- ਪੈਰਿਸ ਪੈਰਾਲੰਪਿਕ ਖੇਡਾਂ ਦਾ ਸਮਾਪਤੀ ਸਮਾਗਮ ਅੱਜ ਦੇਰ ਰਾਤ, ਰਾਸ਼ਟਰੀ ਸਟੇਡੀਅਮ ਸਟੇਡ ਡੀ ਫਰਾਂਸ ਵਿਖੇ ਹੋਵੇਗਾ।

------------------------------------------------------------

ਭਾਰਤ ਨੇ ਚਾਰ ਅਫਰੀਕੀ ਮੁਲਕਾਂ - ਜ਼ਿੰਬਾਬਵੇ, ਜ਼ੈਂਬੀਆ, ਮਲਾਵੀ ਅਤੇ ਚਾਡ ਦੇ ਲੋਕਾਂ ਦੀਆਂ ਅਨਾਜ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਮਦਦ ਭੇਜੀ ਏ । ਵਿਦੇਸ਼ ਮੰਤਰਾਲੇ ਨੇ ਕਿਹਾ ਏ ਕਿ ਇੱਕ ਹਜ਼ਾਰ ਮੀਟ੍ਰਿਕ ਟਨ ਚੌਲਾਂ ਦੀ ਖੇਪ, ਕੱਲ੍ਹ ਮਲਾਵੀ ਜਦਕਿ ਜ਼ਿੰਬਾਬਵੇ ਲਈ ਇੱਕ ਹਜ਼ਾਰ ਮੀਟ੍ਰਿਕ ਟਨ ਚੌਲਾਂ ਦੀ ਖੇਪ ਕੱਲ੍ਹ ਨਾਵਾਸ਼ੇਵਾ ਬੰਦਰਗਾਹ ਤੋਂ ਰਵਾਨਾ ਹੋਈ। ਜ਼ੈਂਬੀਆ ਨੂੰ 1300 ਮੀਟ੍ਰਿਕ ਟਨ ਮੱਕੀ ਭੇਜੀ ਗਈ ਏ । ਭਾਰਤ ਨੇ ਚਾਡ ਵਿੱਚ ਲੱਗੀ ਭਿਆਨਕ ਅੱਗ ਤੋਂ ਬਾਅਦ ਕੱਲ੍ਹ ਦਿੱਲੀ ਤੋਂ ਲਗਭਗ, 2300 ਕਿਲੋਗ੍ਰਾਮ ਜੀਵਨ ਰੱਖਿਅਕ ਦਵਾਈਆਂ ਅਤੇ ਮੈਡੀਕਲ ਸਪਲਾਈ ਭੇਜੀ ਏ ।

------------------------------------------------------------

ਅੱਜ ਅੰਤਰ-ਰਾਸ਼ਟਰੀ ਸਾਖਰਤਾ ਦਿਵਸ ਮਨਾਇਆ ਜਾ ਰਿਹਾ ਏ । ਇਹ ਹਰ ਵਿਅਕਤੀ, ਭਾਈਚਾਰੇ ਅਤੇ ਸਮਾਜ ਲਈ ਸਾਖਰਤਾ ਦੀ ਮਹੱਤਤਾ ਵੱਲ ਧਿਆਨ ਖਿੱਚਣ ਲਈ ਆਯੋਜਿਤ ਕੀਤਾ ਜਾਂਦਾ ਏ । ਇਸ ਸਾਲ ਦਾ ਵਿਸ਼ਾ, ਬਹੁ-ਭਾਸ਼ਾਈ ਸਿੱਖਿਆ ਪ੍ਰੋਤਸਾਹਨ: ਆਪਸੀ ਸਮਝ

ਅਤੇ ਸ਼ਾਂਤੀ ਲਈ ਸਾਖਰਤਾ ਰੱਖਿਆ ਗਿਆ ਏ। ਸਕੂਲ ਸਿੱਖਿਆ ਅਤੇ ਸਾਖਰਤਾ ਵਿਭਾਗ ਨੇ,ਇਸੇ ਸਿਲਸਿਲੇ ਵਿਚ ਕੱਲ੍ਹ ਇੱਕ ਕੌਮਾਂਤਰੀ ਕਾਨਫਰੰਸ ਦਾ ਆਯੋਜਨ ਕੀਤਾ। ਕਾਨਫਰੰਸ ਦਾ ਉਦੇਸ਼ ਅਜੋਕੇ ਸਮੇਂ ਵਿੱਚ ਸਾਖਰਤਾ ਦੇ ਵੱਖ-ਵੱਖ ਪਹਿਲੂਆਂ 'ਤੇ ਚਰਚਾ ਕਰਨਾ ਸੀ। ਕਾਨਫਰੰਸ ਵਿੱਚ ਭਾਰਤ ਅਤੇ ਵਿਦੇਸ਼ਾਂ ਦੇ ਮਾਹਿਰਾਂ ਨੇ ਸਾਰਥਕ ਚਰਚਾ ਕੀਤੀ।

---------------------------------------------------

ਉਪ ਰਾਸ਼ਟਰਪਤੀ ਜਗਦੀਪ ਧਨਖੜ ਨੇ ਕਿਹਾ ਏ ਕਿ ਰਾਸ਼ਟਰੀ ਸਿੱਖਿਆ ਨੀਤੀ, ਇੱਕ ਵੱਡਾ ਬਦਲਾਅ ਵਾਲਾ ਕਦਮ ਏ। ਸ਼੍ਰੀ ਧਨਖੜ ਨੇ ਕਿਹਾ ਕਿ ਇਹ ਨੌਜਵਾਨਾਂ ਨੂੰ, ਆਪਣੀ ਪ੍ਰਤਿਭਾ ਅਤੇ ਊਰਜਾ ਦੀ ਭਰਪੂਰ ਵਰਤੋਂ ਕਰਨ ਦਾ ਮੌਕਾ ਪ੍ਰਦਾਨ ਕਰਦਾ ਏ। ਅੱਜ ਨਵੀਂ ਦਿੱਲੀ ਵਿਖੇ ਅੰਤਰ-ਰਾਸ਼ਟਰੀ ਸਾਖਰਤਾ ਦਿਵਸ 'ਤੇ ਕਰਵਾਏ ਇਕ ਪ੍ਰੋਗਰਾਮ 'ਚ ਬੋਲਦਿਆਂ ਉਨ੍ਹਾਂ ਕਿਹਾ ਕਿ ਭਾਸ਼ਾਵਾਂ ਦੀ ਅਮੀਰੀ ਦੇ ਮਾਮਲੇ 'ਚ ਭਾਰਤ ਇਕ ਵਿਲੱਖਣ ਦੇਸ਼ ਏ। ਉਪ ਰਾਸ਼ਟਰਪਤੀ ਨੇ ਕਿਹਾ ਕਿ ਰਾਸ਼ਟਰੀ ਸਿੱਖਿਆ ਨੀਤੀ ਵਿੱਚ, ਮਾਤ ਭਾਸ਼ਾ ਦੀ

ਮਹੱਤਤਾ 'ਤੇ ਜ਼ੋਰ ਦਿੱਤਾ ਗਿਆ ਏ।ਸ਼੍ਰੀ ਧਨਖੜ ਨੇ, ਸਾਰਿਆਂ ਨੂੰ ਘੱਟੋ-ਘੱਟ ਇੱਕ ਵਿਅਕਤੀ ਨੂੰ ਸਾਖਰ ਬਣਾਉਣ ਦਾ ਸੰਕਲਪ ਲੈਣ ਦੀ ਅਪੀਲ ਕੀਤੀ । ਉਨ੍ਹਾਂ ਕਿਹਾ ਕਿ ਕਿਸੇ ਨੂੰ ਸਾਖਰ ਬਣਾਉਣਾ ਮਨੁੱਖਤਾ ਦੀ ਸੇਵਾ ਏ। ਉਪ ਰਾਸ਼ਟਰਪਤੀ ਨੇ ਕਿਹਾ ਕਿ ਹੁਣ ਦੇਸ਼ ਨੂੰ ਅੱਗੇ ਵਧਣ ਤੋਂ ਕੋਈ ਨਹੀਂ ਰੋਕ ਸਕਦਾ। ਸ਼੍ਰੀ ਧਨਖੜ ਨੇ ਕਿਹਾ ਕਿ ਦੇਸ਼ ਸੜਕ ਸੰਪਰਕ, ਸਕੂਲ, ਬਿਜਲੀ, ਪਖਾਨੇ ਅਤੇ ਇੰਟਰਨੈੱਟ ਸੇਵਾਵਾਂ ਪਿੰਡਾਂ ਤੱਕ ਪਹੁੰਚਾਉਣ ਦੇ ਨਾਲ ਸਾਰੇ ਖੇਤਰਾਂ ਵਿੱਚ ਤਰੱਕੀ ਕਰ ਰਿਹਾ ਏ।

-----------------------------------------------------------

ਪੰਜਾਬ ਦੇ ਮੁੱਖ ਸਕੱਤਰ ਅਨੁਰਾਗ ਵਰਮਾ ਨੇ ਕਿਹਾ ਏ ਕਿ ਪੜ੍ਹਾਈ ਹੀ ਇੱਕ ਮਾਤਰ ਅਜਿਹਾ ਸਾਧਨ ਏ, ਜੋ ਪਿੰਡ-ਸ਼ਹਿਰ, ਗਰੀਬੀ-ਅਮੀਰੀ, ਲਿੰਗ ਭੇਦ ਤੇ ਜਾਤ-ਪਾਤ ਦਾ ਪਾੜਾ ਖ਼ਤਮ ਕਰ ਸਕਦਾ ਏ। ਮੁੱਖ ਸਕੱਤਰ ਅੱਜ ਜ਼ਿਲਾ ਪਟਿਆਲਾ ਸਥਿਤ ਆਪਣੇ ਜੱਦੀ ਪਿੰਡ ਚਲੈਲਾ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਆਪਣੇ ਪਿਤਾ ਦੀ ਯਾਦ ਵਿੱਚ ਸਕੂਲ ਦੇ ਲੋੜਵੰਦ ਵਿਦਿਆਰਥੀਆਂ ਨੂੰ ਵਰਦੀਆਂ ਤਕਸੀਮ ਕਰਨ ਪੁੱਜੇ ਹੋਏ ਸਨ। ਮੁੱਖ ਸਕੱਤਰ ਨੇ ਸਕੂਲ ਦੇ

ਵਿਦਿਆਰਥੀਆਂ ਲਈ ਕਾਮਰਸ ਸਟਰੀਮ ਦੀ ਸ਼ੁਰੂਆਤ ਵੀ ਕਰਵਾਈ। ਉਨ੍ਹਾਂ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਪ੍ਰੇਰਿਤ ਕੀਤਾ ਕਿ ਉਹ ਪੜ੍ਹਾਈ ਵੱਲ ਵੱਧ ਤੋਂ ਵੱਧ ਧਿਆਨ ਦੇਣ ਤਾਂ ਕੋਈ ਵੀ ਵਿਦਿਆਰਥੀ ਪਿੰਡ ਚਲੈਲਾ ਤੋਂ  ਵੱਡੀਆਂ ਪੁਲਾਂਘਾ ਪੁੱਟ ਕੇ  ਕਿਸੇ ਵੀ ਉਚ ਅਹੁਦੇ ਤੱਕ ਪਹੁੰਚ ਸਕਦਾ ਏ।

---------------------------------------------------------------

ਪੰਜਾਬ ਦੇ ਸਰਕਾਰੀ ਡਾਕਟਰਾਂ ਦੀਆਂ ਜਾਇਜ਼ ਮੰਗਾਂ ਪੂਰਾ ਨਾ ਹੋਣ ਕਾਰਨ, ਡਾਕਟਰਾਂ ਦੀ ਜਥੇਬੰਦੀ, ਪੰਜਾਬ ਸਿਵਲ ਮੈਡੀਕਲ ਸਰਵਿਸਿਜ਼ ਐਸੋਸੀਏਸ਼ਨ ਦੇ ਸੱਦੇ 'ਤੇ ਕੱਲ, ਪੰਜਾਬ ਦੇ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਓ.ਪੀ.ਡੀ. ਨੂੰ ਬੰਦ ਕਰਨ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਨੇ । ਹਸਪਤਾਲਾਂ ‘ਚ ਸਿਰਫ ਐਂਮਰਜੈਂਸੀ ਸੇਵਾਵਾਂ ਚਾਲੂ ਰਹਿਣਗੀਆਂ। ਡਾਕਟਰਾਂ ਨੇ ਸਿਵਲ ਹਸਪਤਾਲ ਵਿੱਚ ਆਉਣ ਵਾਲੇ ਮਰੀਜ਼ਾਂ ਨੂੰ ਪੈਂਫਲਿਟ ਵੀ ਵੰਡੇ, ਜਿਸ ਵਿੱਚ ਸਪੱਸ਼ਟ ਲਿਖਿਆ ਹੋਇਆ ਸੀ ਕਿ ਹੜਤਾਲ ਦਾ ਕਾਰਨ, ਸਰਕਾਰ ਨੂੰ ਜਗਾਉਣਾ ਏ  ਕਿਉਂਕਿ ਡਾਕਟਰਾਂ ਦੀ ਘਾਟ ਕਾਰਨ ਲੋਕਾਂ ਨੂੰ ਉਹ, ਸਿਹਤ ਸਹੂਲਤਾਂ ਨਹੀਂ ਮਿਲ

ਰਹੀਆਂ ਨੇ, ਜੋ ਉਨ੍ਹਾਂ ਨੂੰ ਮਿਲਣੀਆਂ ਚਾਹੀਦੀਆਂ ਨੇ। ਡਾਕਟਰਾਂ ਦਾ ਕਹਿਣਾ ਏ ਕਿ ਪੰਜਾਬ ਵਿੱਚ ਤਾਇਨਾਤ ਸਰਕਾਰੀ ਹਸਪਤਾਲਾਂ ਵਿੱਚ ਡਾਕਟਰਾਂ ’ਤੇ ਕੰਮ ਦਾ ਕਾਫੀ ਬੋਝ ਏ।

---------------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵਲੋਂ ਬੂਟੇ ਲਾਉਣ ਦੀ ਮੁਹਿੰਮ, 'ਏਕ ਪੇੜ ਮਾਂ ਕੇ ਨਾਮ' ਤਹਿਤ, ਦੇਸ਼ ਭਰ ਦੇ ਲੋਕਾਂ ਨੂੰ ਇਸ ਬਰਸਾਤ ਦੇ ਮੌਸਮ ਵਿਚ ਬੂਟੇ ਲਗਾਉਣ ਦੇ ਸੱਦੇ ਮਗਰੋਂ, ਸਮਾਜ ਸੇਵੀ ਸੰਸਥਾਵਾਂ, ਵਾਤਾਵਰਨ ਪ੍ਰੇਮੀ ਅਤੇ ਆਮ ਲੋਕ ਇਸ ਮੁਹਿੰਮ ਤੋਂ ਬੇਹੱਦ ਉਤਸ਼ਾਹਤ ਨੇ ਅਤੇ ਵੱਖ ਵੱਖ ਕਿਸਮ ਦੇ ਬੂਟੇ ਵੀ ਲਗਾ ਰਹੇ ਨੇ। ਸੂਬੇ ਦੇ ਵੱਖ ਵੱਖ ਜ਼ਿਲਿਆਂ ਤੋਂ ਲੋਕਾਂ ਨੇ ਇਸ ਮੁਹਿੰਮ ਵਿਚ ਆਪਣਾ ਯੋਗਦਾਨ ਪਾਉਣ ਦੀ ਅਪੀਲ ਕੀਤੀ।

---------------------------------------------------------

ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ 2025 ਲਈ ਨਾਮਜ਼ਦਗੀਆਂ ਦਾਖਲ ਕਰਨ ਦੀ ਆਖਰੀ ਤਰੀਕ, 15 ਸਿਤੰਬਰ ਏ। ਇਹ ਪੁਰਸਕਾਰ ਔਰਤ ਅਤੇ ਬਾਲ ਵਿਕਾਸ ਮੰਤਰਾਲੇ ਦੁਆਰਾ ਹਰ

ਸਾਲ ਜਨਵਰੀ ਵਿੱਚ ਦਿਤੇ ਜਾਂਦੇ ਨੇ ਅਤੇ ਇਸ ਸਾਲ 26 ਦਸੰਬਰ ਨੂੰ ਵੀਰ ਬਾਲ ਦਿਵਸ 'ਤੇ ਇਨ੍ਹਾਂ ਦਾ ਐਲਾਨ ਕੀਤਾ ਜਾਵੇਗਾ। ਪੁਰਸਕਾਰਾਂ ਦਾ ਉਦੇਸ਼ ਬੱਚਿਆਂ ਦੀ ਊਰਜਾ, ਦ੍ਰਿੜਤਾ, ਯੋਗਤਾ, ਜੋਸ਼ ਅਤੇ ਉਤਸ਼ਾਹ ਨੂੰ ਮਨਾਉਣਾ ਏ। ਨਾਮਜ਼ਦਗੀਆਂ 5 ਸਾਲ ਤੋਂ ਵੱਧ ਅਤੇ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਰਾਸ਼ਟਰੀ ਪੁਰਸਕਾਰ ਦੀ ਅਧਿਕਾਰਤ ਵੈੱਬਸਾਈਟ 'ਤੇ ਦਾਖਲ ਕੀਤੀਆਂ ਜਾ ਸਕਦੀਆਂ ਨੇ।

---------------------------------------------------

ਸ੍ਰੀ ਗੁਰੂ ਨਾਨਕ ਦੇਵ ਜੀ ਦਾ 537ਵਾਂ ਵਿਆਹ ਪੁਰਬ ਦਾ ਤਿੰਨ ਦਿਨਾ ਦਾ ਜੋੜ ਮੇਲਾ ਗੁਰਦਾਸਪੁਰ ਵਿਖੇ ਅੱਜ ਤੋ ਸ਼ੁਰੂ ਹੋ ਗਿਆ। ਇਤਹਾਸਿਕ ਗੁਰੂਦਵਾਰਾ ਸ੍ਰੀ ਕੰਧ ਸਾਹਿਬ ਅਤੇ ਡੇਰਾ ਸਾਹਿਬ ਵਿਖੇ, ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਹੋਈ ਅਤੇ ਇਸ ਮੌਕੇ ਵੱਡੀ ਗਿਣਤੀ ਚ ਸੰਗਤ ਅੱਜ ਸਵੇਰ ਤੋ ਹੀ ਇਤਹਾਸਿਕ ਗੁਰੂਦਵਾਰਾ ਸਾਹਿਬ ਚ ਨਤਮਸਤੱਕ ਹੋਣ ਲਈ ਪਹੁੰਚ ਰਹੀ ਏ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਗੁਰਵਿੰਦਰ ਪਾਲ ਸਿੰਘ ਗੋਰਾ ਨੇ ਦੱਸਿਆ ਕਿ 10 ਸਤੰਬਰ ਨੂੰ ਬਟਾਲਾ ਚ ਇਕ ਵਿਸ਼ਾਲ ਨਗਰ ਕੀਰਤਨ ਸਜਾਇਆ ਜਾਵੇਗਾ।

-----------------------------------------------------------

ਪੰਜਾਬ ਸਕੂਲ ਸਿੱਖਿਆ ਬੋਰਡ ਨੇ 10ਵੀਂ ਅਤੇ 12ਵੀਂ ਜਮਾਤ ਦੇ ਵਿਦਿਆਰਥੀਆਂ ਦੇ ਸਰਟੀਫ਼ਿਕੇਟਾਂ ਦੀ ਪੜਤਾਲ ਪ੍ਰਕਿਰਿਆ ਨੂੰ ਸੌਖਾ ਕਰ ਦਿੱਤਾ ਏ। ਭਵਿੱਖ ਵਿਚ ਹੁਣ ਸਰਟੀਫ਼ਿਕੇਟਾਂ ਅਤੇ ਹੋਰ ਦਸਤਾਵੇਜ਼ਾਂ ਦੀ ਜਾਂਚ ਆਨਲਾਈਨ ਪੋਰਟਲ ਰਾਹੀਂ ਹੋਇਆ ਕਰੇਗੀ। ਬੋਰਡ ਦੇ ਆਲ੍ਹਾ ਅਧਿਕਾਰੀਆਂ ਨੇ ਜਰਮਨ ਅੰਬੈਸੀ ਦੀ ਸਿਫ਼ਾਰਿਸ਼ 'ਤੇ ਇਹ ਆਨਲਾਈਨ ਪੋਰਟਲ 20 ਦਿਨਾਂ ਵਿਚ ਤਿਆਰ ਕੀਤਾ ਏ। ਜ਼ਿਕਰਯੋਗ ਏ ਕਿ ਵਿਦੇਸ਼ ਖ਼ਾਸ ਕਰਕੇ ਯੂਰੋਪ ਜਾਣ ਵਾਲੇ ਵਿਦਿਆਰਥੀ ਹੁਣ ਆਫ਼ਲਾਈਨ ਮਾਧਿਅਮ ਨੂੰ ਛੱਡ ਕੇ, ਇਸ ਪੋਰਟਲ ਰਾਹੀਂ, ਸਿਰਫ਼ ਚਾਰ ਦਿਨਾਂ ਵਿਚ ਹੀ ਪੜਤਾਲੀਆ ਰਿਪੋਰਟ ਪ੍ਰਾਪਤ ਕਰ ਲੈਣਗੇ। ਬੋਰਡ ਨੇ ਪੋਰਟਲ ਰਾਹੀਂ ਪੜਤਾਲ ਹਾਸਲ ਕਰਨ ਲਈ, 5 ਹਜ਼ਾਰ ਰੁਪਏ ਫ਼ੀਸ ਤੈਅ ਕੀਤੀ ਏ, ਇਸ ਤੋਂ ਪਹਿਲਾਂ ਅਫਲਾਈਨ ਮਾਧਿਅਮ ਰਾਹੀਂ ਇਹ ਕੰਮ ਸਿਰਫ਼ 800 ਰੁਪਏ ਵਿਚ ਹੁੰਦਾ ਸੀ। ਅਧਿਕਾਰੀਆਂ ਦਾ ਮੰਨਣਾ ਏ ਕਿ ਅਜਿਹਾ ਹੋਣ ਨਾਲ ਵਿਦਿਆਰਥੀ, ਬੋਰਡ ਤੇ ਬਾਹਰਲੇ ਮੁਲਕਾਂ ਦੀਆਂ

ਯੂਨੀਵਰਸਿਟੀਆਂ ਤੋਂ ਇਲਾਵਾ ਅੰਬੈਸੀਆਂ ਵਿਚਕਾਰ ਬੋਰਡ ਦਾ ਸਿੱਧਾ ਰਾਬਤਾ ਹੋਵੇਗਾ।

---------------------------------------------------------

ਸੰਤ ਨਿਰੰਕਾਰੀ ਮਿਸ਼ਨ ਦੀ ਸੰਤ ਨਿਰੰਕਾਰੀ ਚੈਰੀਟੇਬਲ ਫਾਊਂਡੇਸ਼ਨ ਨੇ, ਚੰਡੀਗੜ ਦੇ ਮੌਲੀ ਜਾਗਰਾਂ ਮਨੀਮਾਜਰਾ ਵਿਖੇ ਖ਼ੂਨਦਾਨ ਕੈਂਪ ਲਗਾਇਆ । ਇਸ ਕੈਂਪ ਦਾ ਉਦਘਾਟਨ ਉਪ ਮੁੱਖ ਸੰਚਾਲਕ ਜੇ.ਪੀ. ਚੱਢਾ ਜੀ ਸ਼ੁਭਕਰਨ ਅਤੇ ਚੰਡੀਗੜ੍ਹ ਜ਼ੋਨ ਦੇ ਜ਼ੋਨਲ ਇੰਚਾਰਜ ਓ.ਪੀ. ਨਿਰੰਕਾਰੀ ਨੇ ਸਾਂਝੇ ਤੌਰ 'ਤੇ ਕੀਤਾ । ਖ਼ੂਨਦਾਨ ਕੈਂਪ ਦੌਰਾਨ ਵੱਡੀ ਗਿਣਤੀ ਵਿੱਚ ਔਰਤਾਂ ਸਮੇਤ ਕੁੱਲ 236 ਸ਼ਰਧਾਲੂਆਂ ਨੇ ਖ਼ੂਨਦਾਨ ਕੀਤਾ ।

---------------------------------------------------------

ਪੈਰਿਸ ਪੈਰਾਲੰਪਿਕ ਖੇਡਾਂ ਅੱਜ ਦੇਰ ਰਾਤ ਸਮਾਪਤ ਹੋਣਗੀਆਂ । ਸਮਾਪਤੀ ਸਮਾਗਮ ਰਾਸ਼ਟਰੀ ਸਟੇਡੀਅਮ ਸਟੇਡ ਡੀ ਫਰਾਂਸ ਵਿਖੇ ਹੋਵੇਗਾ। ਪੈਰਿਸ ਪੈਰਾਲੰਪਿਕ ਦੇ ਸਮਾਪਤੀ ਸਮਾਗਮ ਵਿੱਚ ਤੀਰਅੰਦਾਜ਼ ਹਰਵਿੰਦਰ ਸਿੰਘ ਅਤੇ ਦੌੜਾਕ ਪ੍ਰੀਤੀ ਪਾਲ ਭਾਰਤ ਦੇ ਝੰਡਾਬਰਦਾਰ

ਹੋਣਗੇ । ਅੱਜ ਪੂਜਾ ਓਝਾ ਮਹਿਲਾ ਕਯਾਕ ਸਿੰਗਲਜ਼ 200 ਮੀਟਰ KL-1 ਸਪ੍ਰਿੰਟ ਕੈਨੋਇੰਗ ਈਵੈਂਟ ਦੇ ਫਾਈਨਲ ਵਿੱਚ ਜਗ੍ਹਾ ਬਣਾਉਣ ਤੋਂ ਖੁੰਝ ਗਈ । ਬੀਤੀ ਦੇਰ ਰਾਤ ਨਵਦੀਪ ਸਿੰਘ ਨੇ ਸੋਨ ਅਤੇ ਸਿਮਰਨ ਸ਼ਰਮਾ ਨੇ ਚਾਂਦੀ ਦਾ ਤਮਗਾ ਜਿੱਤਣ ਤੋਂ ਬਾਅਦ ਭਾਰਤ ਦੇ ਕੁੱਲ ਤਮਗਿਆਂ ਦੀ ਗਿਣਤੀ ਵਧ ਕੇ 29 ਹੋ ਗਈ ਏ ਅਤੇ ਇਹ ਤਮਗਾ ਸੂਚੀ ਵਿੱਚ 18ਵੇਂ ਸਥਾਨ 'ਤੇ ਪਹੁੰਚ ਗਿਆ ਏ ।

---------------------------------------------------

ਏਸ਼ੀਅਨ ਹਾਕੀ ਚੈਂਪੀਅਨਸ਼ਿਪ ਅੱਜ ਤੋਂ ਚੀਨ ਦੇ ਹੁਲੁਨ-ਬੁਇਰ ਵਿੱਚ ਸ਼ੁਰੂ ਹੋ ਗਈ ਏ । ਮੌਜੂਦਾ ਚੈਂਪੀਅਨ ਭਾਰਤ ਪਿਛਲੇ ਮਹੀਨੇ ਪੈਰਿਸ ਓਲੰਪਿਕ 'ਚ ਕਾਂਸੀ ਦਾ ਤਮਗਾ ਜਿੱਤਣ ਤੋਂ ਬਾਅਦ, ਇਸ ਸਾਲ ਆਪਣਾ 5ਵਾਂ ਖਿਤਾਬ ਜਿੱਤਣ ਦੀ ਕੋਸ਼ਿਸ਼ ਕਰੇਗਾ । ਪਾਕਿਸਤਾਨ ਦਾ ਸਾਹਮਣਾ ਮਲੇਸ਼ੀਆ ਨਾਲ ਹੋਵੇਗਾ। ਸ਼ੁਰੂਆਤੀ ਮੈਚ 'ਚ ਦੱਖਣੀ ਕੋਰੀਆ ਅਤੇ ਜਾਪਾਨ ਵਿਚਾਲੇ ਖੇਡਿਆ ਗਿਆ ਮੈਚ 5-5 ਦੀ ਬਰਾਬਰੀ 'ਤੇ ਖਤਮ ਹੋਇਆ । ਇਸ ਦੌਰਾਨ ਭਾਰਤ ਨੇ ਕੱਲ੍ਹ ਪੈਰਿਸ ਪੈਰਾਲੰਪਿਕ ਖੇਡਾਂ ਵਿੱਚ 2 ਹੋਰ ਤਗਮੇ ਜਿੱਤੇ । ਨਵਦੀਪ ਸਿੰਘ ਨੇ

ਪੁਰਸ਼ਾਂ ਦੇ ਜੈਵਲਿਨ ਥਰੋਅ ਮੁਕਾਬਲੇ ਵਿੱਚ ਸੋਨ ਤਗ਼ਮਾ ਅਤੇ ਸਿਮਰਨ ਸ਼ਰਮਾ ਨੇ ਔਰਤਾਂ ਦੇ 200 ਮੀਟਰ ਟਰੈਕ ਮੁਕਾਬਲੇ ਵਿੱਚ ਕਾਂਸੀ ਦਾ ਤਮਗਾ ਦੇਸ਼ ਦੇ ਨਾਮ ਕੀਤਾ। ਰਾਸ਼ਟਰਪਤੀ ਦਰੋਪਦੀ ਮੁਰਮੂ , ਉਪ-ਰਾਸ਼ਟਰਪਤੀ ਜਗਦੀਪ ਧਨਖੜ ਅਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਪੈਰਿਸ ਪੈਰਾਲੰਪਿਕ ਤਮਗਾ ਜੇਤੂਆਂ ਨੂੰ ਵਧਾਈ ਦਿੱਤੀ ਏ।

---

## <u>ਆਖਿਰ ਵਿਚ ਖ਼ਾਸ ਖਬਰਾਂ ਇਕ ਵਾਰ ਫਿਰ ਤੋਂ</u>

- ਭਾਰਤ ਨੇ ਚਾਰ ਅਫਰੀਕੀ ਮੁਲਕਾਂ – ਜ਼ਿੰਬਾਬਵੇ, ਜ਼ਾਬੀਆ, ਮਲਾਵੀ ਅਤੇ ਚਾਡ ਦੇ ਲੋਕਾਂ ਦੀਆਂ ਅਨਾਜ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਮਨੁੱਖੀ ਮਦਦ ਭੇਜੀ।
- ਅੱਜ ਕੌਮਾਂਤਰੀ ਸਾਖਰਤਾ ਦਿਵਸ ਮਨਾਇਆ ਜਾ ਰਿਹਾ ਏ -ਉਪ-ਰਾਸ਼ਟਰਪਤੀ ਜਗਦੀਪ ਧਨਖੜ ਨੇ ਸਾਰਿਆਂ ਨੂੰ, ਘੱਟੋ-ਘੱਟ ਇੱਕ ਵਿਅਕਤੀ ਨੂੰ, ਸਾਖਰ ਬਣਾਉਣ ਦਾ ਸੰਕਲਪ ਲੈਣ ਦੀ ਅਪੀਲ ਕੀਤੀ ।

- ਸ੍ਰੀ ਗੁਰੂ ਨਾਨਕ ਦੇਵ ਜੀ ਦੇ 537ਵੇਂ ਵਿਆਹ ਪੁਰਬ ਦਾ ਤਿੰਨ ਦਿਨਾ ਦਾ ਜੋੜ ਮੇਲਾ,ਅੱਜ ਤੋ ਬਟਾਲਾ ਵਿਖੇ ਸ਼ੁਰੂ ਹੋਇਆ ।
- ਪੈਰਿਸ ਪੈਰਾਲੰਪਿਕ ਖੇਡਾਂ ਦਾ ਸਮਾਪਤੀ ਸਮਾਗਮ ਅੱਜ ਦੇਰ ਰਾਤ, ਰਾਸ਼ਟਰੀ ਸਟੇਡੀਅਮ ਸਟੇਡ ਡੀ ਫਰਾਂਸ ਵਿਖੇ ਹੋਵੇਗਾ।